# India assumes G20 Presidency

December 01, 2022

---

## ਭਾਰਤ ਨੇ ਸੰਭਾਲੀ G -20 ਦੀ ਪ੍ਰਧਾਨਗੀ

**1 ਦਸੰਬਰ, 2022**

1. ਭਾਰਤ ਵੱਲੋਂ ਅੱਜ ਰਸਮੀ ਤੌਰ 'ਤੇ ਇੰਡੋਨੇਸ਼ੀਆ ਤੋਂ G20 ਦੀ ਪ੍ਰਧਾਨਗੀ ਸੰਭਾਲਣ ਦਾ ਇਤਿਹਾਸਕ ਮੌਕਾ ਸੀ। G20 ਜਾਂ 20 ਦੇਸ਼ਾਂ ਦਾ ਸਮੂਹ ਵਿਸ਼ਵ ਦੀਆਂ 20 ਪ੍ਰਮੁੱਖ ਵਿਕਸਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਦਾ ਅੰਤਰ-ਸਰਕਾਰੀ ਫੋਰਮ ਹੈ, ਜਿਸਦੀ ਸਦਕਾ ਇਹ ਅੰਤਰਰਾਸ਼ਟਰੀ ਆਰਥਿਕ ਸਹਿਯੋਗ ਦਾ ਪ੍ਰਮੁੱਖ ਫੋਰਮ ਹੈ।

2. ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨੇ G -20 ਦੀ ਪ੍ਰਧਾਨਗੀ ਲਈ ਭਾਰਤ ਦੇ ਦ੍ਰਿਸ਼ਟੀਕੋਣ ਦੀ ਰੂਪਰੇਖਾ ਦੇਣ ਵਾਲਾ ਇੱਕ ਲੇਖ ਲਿਖਿਆ। ਇਹ ਲੇਖ ਦੁਨੀਆ ਭਰ ਦੇ ਪ੍ਰਕਾਸ਼ਨਾਂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਆਪਣੇ ਲੇਖ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਆਪਣੀ ਪ੍ਰਧਾਂਗੇ ਦੌਰਾਨ ਸਦਭਾਵਨਾ ਅਤੇ ਉਮੀਦ ਆਸ ਵਿੱਚ ਹੈ।

3. ਭਾਰਤ ਦੀ G20 ਪ੍ਰਧਾਨਗੀ ਦਾ ਇੱਕ ਮੁੱਖ ਤੱਤ ਹੈ G20 ਨੂੰ ਲੋਕਾਂ ਦੇ ਨੇੜੇ ਲੈਕੇ ਜਾਣਾ ਅਤੇ ਇਸਨੂੰ ਸੱਚਮੁੱਚ 'ਲੋਕਾਂ ਦਾ G20 ਬਣਾਉਣਾ। ਇਸ ਨੂੰ ਸਾਕਾਰ ਕਰਨ ਲਈ ਸਾਲ ਭਰ ਵੱਖ-ਵੱਖ ਜਨ ਭਾਗੀਦਾਰੀ ਗਤੀਵਿਧੀਆਂ ਰਾਹੀ ਨਾਗਰਿਕਾਂ ਦੀ ਸ਼ਮੂਲੀਅਤ ਅਤੇ ਵੱਡੇ ਪੱਧਰ 'ਤੇ ਜਨ ਭਾਗੀਦਾਰੀ ਦੀ ਵਿਉਂਤਬੰਦੀ ਕੀਤੀ ਗਈ ਹੈ।

4. ਭਾਰਤ ਦੀ ਪ੍ਰਧਾਨਗੀ ਦੇ ਪਹਿਲੇ ਦਿਨ ਦਾ ਜਸ਼ਨ ਮਨਾਉਣ ਲਈ ਕਈ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ। ਇਸ ਤੋਂ ਪਹਿਲਾਂ ਦਿਨ ਵਿੱਚ ਇੱਕ ਵਿਸ਼ੇਸ਼ ਯੂਨੀਵਰਸਿਟੀ ਕਨੈਕਟ ਈਵੈਂਟ ਕਰਾਇਆ ਗਿਆ, ਜਿਸ ਵਿੱਚ ਦੇਸ਼ ਭਰ ਦੀਆਂ 75 ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੀ ਸ਼ਮੂਲੀਅਤ ਕੀਤੀ। ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਸ਼੍ਰੀ . ਪੀ.ਕੇ. ਮਿਸ਼ਰਾ ਇਸ ਸਮਾਗਮ ਵਿੱਚ ਵਿਸ਼ੇਸ਼ ਬੁਲਾਰਿਆਂ ਵਜੋਂ ਸ਼ਾਮਲ ਸਨ। ਯੂਨੀਵਰਸਿਟੀ ਕਨੈਕਟ ਈਵੈਂਟ ਦਾ ਉਦੇਸ਼ ਨੌਜਵਾਨਾਂ ਨੂੰ G 20 ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਹੈ। ਵੱਖ-ਵੱਖ ਸਕੂਲਾਂ ਵਿੱਚ ਵਿਸ਼ੇਸ਼ G -20 ਸੈਸ਼ਨਾਂ ਰਾਹੀ ਸਕੂਲੀ ਵਿਦਿਆਰਥੀਆਂ ਨੂੰ ਵੀ ਸ਼ਾਮਲ ਕੀਤਾ ਗਿਆ।

5. ਲੋਕਾਂ ਦੀ ਭਾਗੀਦਾਰੀ ਨੂੰ ਹੋਰ ਅੱਗੇ ਲਜਿਾਂਦੇ ਹੋਏ ਕੋਹਮਿਾ ਵੱਿਚ ਹੋਏ ਹੌਰਨਬਲਿ ਫੈਸਟੀਵਲ ਦੌਰਾਨ ਅੱਜ G20 'ਤੇ ਵਸ਼ਿੇਸ਼ ਧਆਿਨ ਕੇਂਦਰਤਿ ਕੀਤਾ ਗਆਿ| UNESCO ਦੀਆਂ ਕੁਝ ਵਸ਼ਿਵ ਵਰਿਾਸਤੀ ਥਾਵਾਂ ਸਮੇਤ 100 ਸਮਾਰਕਾਂ ਨੂੰ ਅੱਜ ਵਸ਼ਿੇਸ਼ ਤੌਰ 'ਤੇ ਰੋਸ਼ਨ ਕੀਤਾ ਜਾ ਰਹਿਾ ਹੈ ਅਤੇ ਨਾਗਰਕਿਾਂ ਨੂੰ ਇਨ੍ਹਾਂ ਪ੍ਰਕਾਸ਼ਮਾਨ ਸਮਾਰਕਾਂ ਦੇ ਆਲੇ-ਦੁਆਲੇ MyGov 'ਤੇ ਸੈਲਫੀ ਮੁਹਮਿ ਵੱਿਚ ਸ਼ਾਮਲ ਹੋਣ ਲਈ ਸੱਦਾ ਦੱਿਤਾ ਗਆਿ ਹੈ| ਰੇਤ ਨਾਲ ਕੰਮ ਕਰਨ ਵਾਲੇ ਕਲਾਕਾਰ ਸ੍ਰੀ ਸੁਦਰਸ਼ਨ ਪਟਨਾਇਕ ਨੇ ਓਡੀਸ਼ਾ ਦੇ ਪੁਰੀ ਬੀਚ 'ਤੇ ਭਾਰਤ ਦੇ G20 ਲੋਗੋ ਦੀ ਰੇਤ ਕ੍ਰਤਿੀ ਬਣਾਈ ਹੈ|

6. ਪ੍ਰਧਾਨ ਮੰਤਰੀ ਦੁਆਰਾ ਹਾਲ ਹੀ ਵੱਿਚ ਲਾਂਚ ਕੀਤੀ ਗਈ G20 ਵੈਬਸਾਈਟ ਵੀ ਅੱਜ g20.org ਡੋਮੇਨ ਵੱਿਚ ਨਰਿਵਘਿਨ ਮਾਈਗਰੇਟ ਹੋ ਗਈ ਹੈ ਅਤੇ ਭਾਰਤ ਨੇ ਪਛਿਲੀ ਪ੍ਰਧਾਨਗੀ ਤੋਂ ਟਵੱਿਟਰ ਹੈਂਡਲ @g20org ਸਮੇਤ ਅਧਕਿਾਰਤ ਸੋਸ਼ਲ ਮੀਡੀਆ ਹੈਂਡਲਾਂ ਨੂੰ ਆਪਣੇ ਅਧਕਿਾਰ ਵੱਿਚ ਲੈ ਲਆਿ ਹੈ|

7. 'ਵਸੁਧੈਵ ਕੁਟੁੰਬਕਮ' - 'ਇੱਕ ਧਰਤੀ, ਇੱਕ ਪਰਵਿਾਰ, ਇੱਕ ਭਵੱਿਖ' - G20 ਪ੍ਰਧਾਨਗੀ ਦੀ ਇਸ ਥੀਮ ਤੋਂ ਪ੍ਰੇਰਨਾ ਲੈਂਕੇ ਭਾਰਤ 32 ਵੱਖ-ਵੱਖ ਵਰਕਸਟ੍ਰੀਮਾਂ ਵੱਿਚ 50 ਤੋਂ ਵੱਧ ਸ਼ਹਰਿਾਂ ਵੱਿਚ 200 ਤੋਂ ਵੱਧ ਬੈਠਕਾਂ ਦੀ ਮੇਜ਼ਬਾਨੀ ਕਰੇਗਾ ਅਤੇ G20 ਦੇ ਡੈਲੀਗੇਟਾਂ ਅਤੇ ਮਹਮਿਾਨਾਂ ਨੂੰ ਭਾਰਤ ਦੀ ਅਮੀਰ ਸੱਭਆਿਚਾਰਕ ਵਰਿਾਸਤ ਦੀ ਝਲਕ ਵਖਿਾਉਣ ਅਤੇ ਉਹਨਾਂ ਨੂੰ ਵਲਿੱਖਣ ਭਾਰਤੀ ਅਨੁਭਵ ਪ੍ਰਦਾਨ ਕਰਨ ਦਾ ਮੌਕਾ ਦੇਵੇਗਾ |

ਨਵੀ ਦੱਿਲੀ

1 ਦਸੰਬਰ, 2022

DISCLAIMER: This is an approximate translation. The original is available in English on MEA's website and may be referred to as the official press release.